ਸਮਾਜ ਦਾ ਵਿਕਾਸ

G.781

ਲੇਖਕ – ਲਿਉਨਤੀਵ

ਪ੍ਰੋਗ੍ਰੈਸਿਵ ਪਬਲਿਸ਼ਰਜ਼ ਲਾਹੌਰ

ਨੰਬਰ ੧੫

ਮੁਲ ਇਕ ਰੁਪਿਆ

ਐਡੀਟਰ — ਪਿਆਰਾ ਸਿੰਘ 'ਸਹਿਰਾਈ'

335
Rx ੧੦ਸ
30003

ਪਹਿਲੀ ਵਾਰ
ਜੁਲਾਈ ੧੯੪੪

ਪ੍ਰਿੰਟਰ : ਸ: ਗੁਰਖਸ਼ਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਪਿਆਰਾ ਸਿੰਘ 'ਸਹਿਰਾਈ' ਪ੍ਰੀਤ ਨਗਰ

ਰਾਜਨੀਤਕ ਆਰਥਕਤਾ ਕੀ ਹੈ ਤੇ ਕੀ ਸਿਖੌਂਦੀ ਹੈ ?

ਮਾਰਕਸਵਾਦ — ਲੈਨਿਨਵਾਦ, ਪ੍ਰੋਲੀਤਾਰੀ ਦਾ ਸਿਧਾਂਤ

ਪ੍ਰੋਲੀਤਾਰੀ ਆਪਣੇ ਘੋਲ ਵਿਚ ਮਾਰਕਸ, ਐਂਗਲਜ਼, ਲੈਨਿਨ ਤੇ ਸਟਾਲਿਨ ਦੀ ਸਿਖਿਆ ਤੋਂ ਅਗਵਾਈ ਲੈਂਦੀ ਹੈ । ਪ੍ਰੋਲੀਤਾਰੀ ਦੇ ਇਹਨਾਂ ਵਡੇ ਉਸਤਾਦਾਂ ਤੇ ਆਗੂਆਂ ਨੇ ਇਕ ਜ਼ਬਰਦਸਤ ਹਥਿਆਰ ਘੜਿਆ ਹੈ । ਉਹਨਾਂ ਨੇ ਪ੍ਰੋਲੀਤਾਰੀ ਦੇ ਇਨਕਲਾਬੀ ਸਿਧਾਂਤ ਨੂੰ ਪੈਦਾ ਤੇ ਉੱਨਤ ਕੀਤਾ ਹੈ । ਸਰਮਾਏਦਾਰੀ ਦੇ ਜੂਲੇ ਹੇਠ ਆਈ ਹੋਈ ਮਜ਼ਦੂਰ ਜਮਾਤ ਵਾਸਤੇ ਮਾਰਕਸ-ਲੈਨਿਨ ਦੀ ਸਿਖਿਆ ਰਾਹ ਦਿਖਾਵੇ ਦਾ ਕੰਮ ਦਿੰਦੀ ਹੈ। ਮਾਰਕਸਵਾਦ-ਲੈਨਿਨਵਾਦ ਸਭ ਦੇਸ਼ਾਂ ਤੇ ਸ਼੍ਰੇਣੀ ਜਾਗ੍ਰਤਾ ਰਖਣ ਵਾਲੇ ਮਜ਼ਦੂਰਾਂ ਵਾਸਤੇ, ਜਿਹੜੇ ਸਰਮਾਏਦਾਰੀ ਵਿਰੁਧ ਜੰਗ ਵਿਚ ਉਤਰਦੇ ਹਨ, ਇਕ ਤਕੜੇ ਹਥਿਆਰ ਦਾ ਕੰਮ ਦਿੰਦਾ ਹੈ। ਇਹੀ ਹਥਿਆਰ ਪ੍ਰੋਲੀਤਾਰੀ ਇਨਕਲਾਬ ਦੀ ਜਿਤ ਪਿਛੋਂ ਮਜ਼ਦੂਰ ਜਮਾਤ ਨੂੰ ਸੋਸ਼ਲਿਜ਼ਮ ਦੇ ਸਭ ਦੁਸ਼ਮਣਾਂ ਦੇ ਖਿਲਾਫ ਕਾਮਯਾਬ ਘੋਲ ਕਰਨ ਦਾ ਵੱਲ ਸਿਖੌਂਦਾ ਹੈ ਤੇ ਨਾਲ ਹੀ ਉਹਨਾਂ ਨੂੰ ਏਸ ਯੋਗ ਬਣਾਂਦਾ ਹੈ ਕਿ ਮੁਕੰਮਲ ਸੋਸ਼ਲਿਸਟ ਸਮਾਜ ਉਸਾਰਨ ਲਈ ਇਕ ਸਹੀ ਨੀਤੀ

ਪੁਰ ਅਮਲ ਕਰ ਸਕਣ।

ਅਜ ਤੋਂ ਤੀਹ ਸਾਲ ਪਹਿਲਾਂ ਬਾਲਸ਼ਵਿਕ ਪਾਰਟੀ ਦੇ ਪਹਿਲੇ ਪਰੋਗਰਾਮ ਦੇ ਖਰੜੇ ਸਬੰਧੀ ਆਪਣੀ ਤਸ਼ਰੀਹ ਵਿਚ ਲੈਨਿਨ ਕਹਿੰਦਾ ਹੈ ਕਿ ਮਾਰਕਸੀ ਸਿਧਾਂਤ ਨੇ –

".....ਖਿਆਲੀ ਸੋਸ਼ਲਿਜ਼ਮ ਨੂੰ ਪਹਿਲੀ ਵਾਰ ਵਿਗਿਆਨਿਕ ਸੋਸ਼ਲਿਜ਼ਮ ਦਾ ਰੂਪ ਦਿਤਾ ਹੈ। ਏਸ (ਸਾਇੰਸ) ਵਿਗਿਆਨ ਵਾਸਤੇ ਇਕ ਪਕੀ ਨੀਂਹ ਤਿਆਰ ਕੀਤੀ ਤੇ ਉਹ ਰਸਤਾ ਵੀ ਵਿਖਾਇਆ, ਜਿਸ ਉਤੇ ਚਲ ਕੇ ਇਸ ਵਿਗਿਆਨ ਨੂੰ ਸਭ ਪਹਿਲੂਆਂ ਤੋਂ ਉੱਨਤ ਕੀਤਾ ਤੇ ਫੈਲਾਇਆ ਜਾ ਸਕੇ। ਏਸ ਸਿਧਾਂਤ ਨੇ ਵਰਤਮਾਨ ਸਰਮਾਏਦਾਰਾਨਾ ਆਰਥਕਤਾ ਦੇ ਤੱਤ ਨੂੰ ਭੀ ਖੋਹਲ ਕੇ ਦਸਿਆ ਹੈ ਕਿ ਸਰਮਾਏਦਾਰਾਂ ਦੇ ਇਕ ਛੋਟੇ ਜਿਹੇ ਟੋਲੇ – ਕਾਰਖਾਨਿਆਂ, ਜ਼ਮੀਨ ਤੇ ਕਾਨਾਂ ਭਾਵ ਪੈਦਾਵਾਰ ਦੇ ਕੁਲ ਸਾਧਨਾਂ ਦੇ ਮਾਲਕਾਂ – ਨੇ ਮਜ਼ਦੂਰਾਂ ਨੂੰ ਭਾੜੇ ਪੁਰ ਲੈ ਕੇ ਤੇ ਉਹਨਾਂ ਦੀ ਮਿਹਨਤ ਸ਼ਕਤੀ ਨੂੰ ਖਰੀਦ ਕੇ ਲਖਾਂ, ਕਰੋੜਾਂ ਜਾਇਦਾਦ ਹੀਣ ਲੋਕਾਂ ਦੀ ਗੁਲਾਮੀ ਪੁਰ ਕਿਸ ਤਰ੍ਹਾਂ ਪਰਦਾ ਪਾ ਰਖਿਆ ਹੈ। ਇਸ ਨੇ ਇਹ ਵੀ ਦਸਿਆ ਹੈ ਕਿ ਕਿਸ ਤਰ੍ਹਾਂ ਵਰਤਮਾਨ ਸਰਮਾਏਦਾਰੀ ਦੀ ਕੁਲ ਉੱਨਤੀ ਦਾ ਝੁਕਾਓ ਇਹੀ ਹੈ ਕਿ ਵਡੇ ਕਾਰਖਾਨੇਦਾਰ ਛੋਟਿਆਂ ਨੂੰ ਤਬਾਹ ਕਰ ਦੇਣ ਤੇ ਅਜਿਹੀਆਂ ਹਾਲਤਾਂ ਪੈਦਾ ਕਰ ਦੇਣ, ਜਿਹੜੀਆਂ ਸੋਸ਼ਲਿਸਟ ਸਮਾਜ ਦੀ ਉਸਾਰੀ ਨੂੰ ਮੁਮਕਿਨ ਤੇ ਲਾਜ਼ਮੀ ਬਣਾ ਦੇਣ। ਇਸ ਨੇ ਸਾਨੂੰ ਸਿਖਾਇਆ ਹੈ ਕਿ ਪਰਪੱਕ ਹੋ ਚੁਕੇ ਰਿਵਾਜਾਂ, ਰਾਜਨੀਤਕ ਸਾਜ਼ਸ਼ਾਂ, ਫਰੇਬ ਭਰੇ ਕਾਨੂੰਨਾਂ ਤੇ ਗੁੰਝਲਦਾਰ ਵਿਦਿਆ ਦੇ ਪਰਦੇ ਹੇਠੋਂ ਜਮਾਤੀ ਘੋਲ ਨੂੰ ਕਿਸ ਤਰ੍ਹਾਂ ਨਿਖੇੜਨਾ ਹੈ, ਉਸ ਘੋਲ ਨੂੰ ਜਿਹੜਾ ਸਭ ਕਿਸਮ ਦੀ ਜਾਇਦਾਦ ਦੇ ਮਾਲਕਾਂ ਤੇ ਜਾਇਦਾਦਹੀਣ ਜਨਤਾ ਵਿਚਕਾਰ ਚਲ ਰਿਹਾ ਹੈ ਤੇ ਜਿਸ ਵਿਚ ਪ੍ਰੋਲੀਤਾਰੀ ਕੁਲ ਜਾਇਦਾਦ ਹੀਣ ਜਨਤਾ ਦੀ ਅਗਵਾਈ ਕਰ ਰਹੀ ਹੈ। ਇਸ ਨੇ ਇਨਕਲਾਬੀ ਸੋਸ ਲਿਸਟ ਪਾਰਟੀ ਦੇ ਅਸਲੀ ਕੰਮ ਨੂੰ ਵੀ ਸਾਫ ਦਸ ਦਿਤਾ ਹੈ ਕਿ

ਸਮਾਜ ਨੂੰ ਨਵੇਂ ਸਿਰੇ ਜਥੇਬੰਦ ਕਰਨ ਵਾਸਤੇ ਇਸਦਾ ਅਸਲੀ ਕੰਮ ਸਿਰਫ ਜ਼ਰਾਤਾਂ ਘੜਨਾ, ਯਾ ਮਜ਼ਦੂਰਾਂ ਦੀ ਹਾਲਤ ਬੇਹਤਰ ਬਨਾਣ ਲਈ ਸਰਮਾਏਦਾਰਾਂ ਤੇ ਉਹਨਾਂ ਦੇ ਪਿਠੂਆਂ ਨੂੰ ਕੇਵਲ ਉਪਦੇਸ਼ ਕਰਨਾ ਹੀ ਨਹੀਂ, ਯਾ ਨਿਰੀਆਂ ਸਾਜ਼ਸ਼ਾਂ ਕਰਨਾ ਹੀ ਨਹੀਂ, ਸਗੋਂ ਅਸਲੀ ਕੰਮ ਇਹ ਹੈ ਕਿ ਪ੍ਰੋਲੀਤਾਰੀ ਦੇ ਜਮਾਤੀ ਘੋਲ ਨੂੰ ਜਥੇਬੰਦ ਕਰੇ ਤੇ ਇਸਦੀ ਅਗਵਾਈ ਸੰਭਾਲੇ, ਜਿਸ ਘੋਲ ਦਾ ਨਿਸ਼ਾਨਾ ਇਹ ਹੈ ਕਿ ਰਾਜਸੀ ਤਾਕਤ ਨੂੰ ਪ੍ਰੋਲੀਤਾਰੀ ਆਪਣੇ ਹਥ ਵਿਚ ਲਵੇ ਤੇ ਸੋਸ਼ਲਿਸਟ ਸਮਾਜ ਦੀ ਉਸਾਰੀ ਕਰੇ।"

ਮਾਰਕਸਵਾਦ ਨੇ ਹੀ ਸਭ ਤੋਂ ਪਹਿਲਾਂ ਮਨੁਖ ਜਾਤੀ ਦੇ ਇਤਿਹਾਸ ਨੂੰ ਵਿਗਿਆਨਕ ਤਰੀਕੇ ਨਾਲ ਦੇਖਣਾ ਸ਼ੁਰੂ ਕੀਤਾ। ਬੁਰਜਵਾ ਵਿਗਿਆਨੀ ਸਮਾਜ ਦੇ ਵਿਕਾਸ ਦੇ ਅਸੂਲਾਂ ਨੂੰ ਖੋਹਲ ਕੇ ਦਸਣ ਤੋਂ ਅਸਮਰਥ ਹਨ। ਉਹ ਸਮਾਜ ਦੇ ਇਤਿਹਾਸ ਨੂੰ ਸਿਰਫ ਘਟਨਾਵਾਂ ਦੀ ਇਕ ਲੜੀ ਦਸਦੇ ਹਨ, ਪਰ ਉਹਨਾਂ ਨੂੰ ਲੜੀ ਜੋੜਨ ਵਾਲਾ ਕੋਈ ਖਾਸ ਕਾਨੂੰਨ ਨਹੀਂ ਲਭਦਾ। ਮਾਰਕਸ ਹੀ ਪਹਿਲਾ ਆਦਮੀ ਹੋਇਆ ਹੈ, ਜਿਸ ਨੇ ਇਹ ਦਸਿਆ ਕਿ ਕੁਦਰਤ ਦੇ ਵਿਕਾਸ ਦੀ ਤਰ੍ਹਾਂ ਸਮਾਜ ਦਾ ਵਿਕਾਸ ਭੀ ਖਾਸ ਅੰਦਰੂਨੀ ਨਿਯਮਾਂ ਦੇ ਅਨੁਸਾਰ ਚਲਦਾ ਹੈ, ਪਰ ਮਨੁਖਾ ਸਮਾਜ ਦੇ ਵਿਕਾਸ ਦੇ ਨਿਯਮ ਕੁਦਰਤੀ ਨਿਯਮਾਂ ਤੋਂ ਇਸ ਲਿਹਾਜ਼ ਨਾਲ ਵਖਰੇ ਹਨ ਕਿ ਇਹ ਨਿਯਮ ਮਨੁਖਾ ਜਾਤੀ ਦੀ ਮਰਜ਼ੀ ਤੇ ਕਰਮਾਂ ਤੋਂ ਸੁਤੰਤਰ ਨਹੀਂ, ਸੁਤੰਤਰ ਹੋਣ ਦੀ ਥਾਂ ਉਹ ਸਗੋਂ ਮਨੁਖ ਜਾਤੀ ਦੀ ਵਸੀਹ ਜਨਤਾ ਦੇ ਕਰਮਾਂ ਪੁਰ ਨਿਰਭਰ ਹਨ। ਮਾਰਕਸਵਾਦ ਨੇ ਇਕ ਇਹ ਨਿਯਮ ਵੀ ਲਭਾ ਕਿ ਸਰਮਾਏਦਾਰੀ ਆਪਣੀਆਂ ਜਮਾਂਦਰੂ ਵਿਰੋਧਤਾਈਆਂ ਦੇ ਕਾਰਣ ਹੀ ਅਡੋਲ ਆਪਣੀ ਤਬਾਹੀ ਵਲ ਕਦਮ ਵਧਾਈ ਜਾਂਦੀ ਹੈ, ਪਰ ਮਾਰਕਸਵਾਦ ਏਸ ਗਲੋਂ ਭੀ ਸੁਚੇਤ ਕਰਦਾ ਹੈ ਕਿ ਸਰਮਾਏਦਾਰੀ ਦਾ ਨਾਸ ਆਪਣੇ ਆਪ ਨਹੀਂ ਹੋਵੇਗਾ, ਸਗੋਂ ਪ੍ਰੋਲੀਤਾਰੀ ਦੇ ਬੁਰਜਵਾਜ਼ੀ ਵਿਰੁਧ ਸਚਤ ਜਮਾਤੀ ਘੋਲ ਦਾ ਹੀ ਨਤੀਜਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.